# ਦਫਤਰ ਨਗਰ ਨਿਗਮ ਫਗਵਾੜਾ
# OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com


ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: ....1703.......  ਮਿਤੀ: ...14/6/23

ਵਿਸ਼ਾ:- **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 12/06/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 41 ਮਿਤੀ 12/06/2023 ਦੀ ਨਕਲ ਆਪ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ: 1704-1707  ਮਿਤੀ: 14/6/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 - Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ 12/06/2023 ਨੂੰ ਡਾ. ਨਯਨ ਪੀ.ਸੀ.ਐਸ. ਕਮਿਸ਼ਨਰ, ਨਗਰ ਨਿਗਮ, ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 41<br>12/06/2023 | ਰਿਪੋਰਟ ਵੱਲੋ ਨਿਗਰਾਨ ਇੰਜੀਨੀਅਰ, ਨਗਰ ਨਿਗਮ ਫਗਵਾੜਾ ਕਿ ਨਗਰ ਨਿਗਮ ਦੇ ਆਰਜੀ ਡਰਾਇਵਰ ਸ਼੍ਰੀ ਬਲਵਿੰਦਰ ਕੁਮਾਰ ਵੱਲੋ ਪੱਤਰ ਨੰਬਰ 580 ਮਿਤੀ 09-03-2023 ਰਾਹੀ ਦੱਸਿਆ ਗਿਆ ਹੈ ਕਿ ਉਸ ਵੱਲੋ ਚਲਾਏ ਜਾ ਰਹੇ ਟਰੈਕਟਰ ਦੇ ਇੰਜਣ ਦੀ ਰਿਪੇਅਰ ਕਰਾਉਣੀ ਜਰੂਰੀ ਹੋ ਗਈ ਹੈ। ਇਸ ਦਾ ਇੰਜਣ ਬਹੁੱਤ ਜਿਆਦਾ ਆਵਾਜ ਕਰ ਰਿਹਾ ਹੈ ਅਤੇ ਚਲਦਾ-ਚਲਦਾ ਬੰਦ ਹੋ ਜਾਂਦਾ ਹੈ। ਇਸ ਟਰੈਕਟਰ ਦੇ ਸਾਰੇ ਇੰਜਣ ਨੂੰ ਓਵਰ ਆਲ ਕਰਵਾਉਣਾ ਜਰੂਰੀ ਹੋ ਚੁੱਕਾ ਹੈ। ਜਿਸ ਕਾਰਣ ਸੈਕੇਡਰੀ ਪੁਆਇਟਾ ਤੋ ਕੂੜਾ ਚੁੱਕਣ ਵਿੱਚ ਮੁਸ਼ਕਲ ਆ ਰਹੀ ਹੈ। ਉਕਤ ਕੰਮ ਨੂੰ ਕਰਾਉਣ ਲਈ ਮੈਸ: ਘੁੱਮਣ ਆਟੋ ਮੋਬਾਇਲ ਪ੍ਰਾ.ਲਿ. ( ਜੋ ਕਿ ਸੋਨਾਲਿਕਾ ਟਰੈਕਟਰ ਕੰਮਪਨੀ ਦੇ ਆਥੋਰਾਇਜ਼ਡ ਡੀਲਰ ਹਨ) ਵੱਲੋ ਐਸਟੀਮੇਟ ਲਿਆ ਗਿਆ ਹੈ। ਜਿਸ ਅਨੁਸਾਰ ਇਸ ਟਰੈਕਟਰ ਨੂੰ ਰਿਪੇਅਰ ਕਰਾਉਣ ਵਿੱਚ ਲਗਭਗ 89683/- ਰੁਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਉਕਤ ਕੰਮ ਨੂੰ ਕਰਵਾਉਣ ਲਈ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ।<br>ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/**MEO/DA/334** ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਨੂੰ ਦਿੱਤੀਆ ਗਈਆ ਹਨ। ਇਸ ਲਈ ਉਕਤ ਕੰਮ ਨੂੰ ਕਰਾਉਣ ਅਤੇ ਬਣਦੀ ਰਕਮ ਦੀ ਅਦਾਇਗੀ ਕਰਨ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਮਤਾ ਪਾਏ ਜਾਣ ਹਿੱਤ ਰਿਪੋਰਟ ਪੇਸ਼ ਹੈ ਜੀ। | ----- | ਸੂਚਨਾ ਹਿੱਤ। |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ
ਨਗਰ ਨਿਗਮ, ਫਗਵਾੜਾ